# ਵਿਲਕਦਾ ਬਚਪਨ, ਟੁੱਟਦੇ ਪਰਿਵਾਰ ਅਤੇ ਸਿਸਕਦਾ ਬੁਢਾਪਾ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

**'ਮਾਂ'** ਦੁਨੀਆ ਦਾ ਸਭ ਤੋਂ ਸੁੰਦਰ ਤੇ ਪਿਆਰਾ ਸ਼ਬਦ ਹੈ। ਪ੍ਰਾਚੀਨ ਸਮੇਂ 'ਚ ਜਿਥੇ ਪਿਤਾ ਨੂੰ ਪਰਜਾਪਤੀ ਦੀ ਮੂਰਤ ਮੰਨਿਆ ਜਾਂਦਾ ਸੀ, ਉਥੇ ਹੀ ਮਾਂ ਨੂੰ ਪ੍ਰਿਥਵੀ ਦੀ ਮੂਰਤ ਮੰਨਿਆ ਜਾਂਦਾ ਸੀ। ਇਸ ਦਾ ਵਰਣਨ ਮਨੂਸਮ੍ਰਿਤੀ 'ਚ ਵੀ ਮਿਲਦਾ ਹੈ। ਉਦੋਂ ਜੋ ਆਪਣੇ ਮਾਂ-ਪਿਓ ਦੀ ਸੇਵਾ ਕਰਦਾ ਸੀ, ਉਹ ਬ੍ਰਹਮਲੋਕ ਨੂੰ ਪ੍ਰਾਪਤ ਹੁੰਦਾ ਸੀ ਤੇ ਮਾਂ-ਪਿਓ ਦੀ ਸੇਵਾ ਨੂੰ ਹੀ ਸ੍ਰੇਸ਼ਠ ਧਰਮ ਮੰਨਿਆ ਜਾਂਦਾ ਸੀ।

"ਮਾਂ-ਪਿਓ ਨੂੰ ਪ੍ਰਮਾਤਮਾ ਤੋਂ ਵੀ ਵਧ ਕੇ ਇਸ ਲਈ ਮੰਨਿਆ ਗਿਆ ਹੈ ਕਿਉਂਕਿ ਪ੍ਰਮਾਤਮਾ ਸਾਡੀ ਕਿਸਮਤ 'ਚ ਦੁੱਖ ਤੇ ਸੁੱਖ ਦੋਨੋਂ ਲਿਖਦਾ ਹੈ, ਜਦਕਿ ਮਾਂ-ਪਿਓ ਸਿਰਫ ਸੁੱਖ ਲਿਖਦੇ ਹਨ।"

ਕਿੰਨਾ ਸਾਰਥਕ ਲਿਖਿਆ ਹੈ ਇਨ੍ਹਾਂ ਸ਼ਬਦਾਂ 'ਚ, ਕਿੰਨੀ ਮੌਲਿਕਤਾ ਹੈ ਇਨ੍ਹਾਂ ਸ਼ਬਦਾਂ 'ਚ ਪਰ ਤ੍ਰਾਸਦੀ ਇਹ ਹੈ ਕਿ ਅਸੀਂ ਸਭ ਕੁਝ ਜਾਣਦੇ-ਬੁੱਝਦੇ ਹੋਏ ਵੀ ਸੱਚਾਈ ਤੋਂ ਮੂੰਹ ਮੋੜ ਰਹੇ ਹਾਂ। ਕੀ ਅਸੀਂ ਕਦੇ ਇਸ ਪਿਛਲੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ? ਨਹੀਂ, ਕਿਸੇ ਨੇ ਨਹੀਂ ਕੀਤੀ।

ਇਸ ਦੀ ਵਜ੍ਹਾ ਆਧੁਨਿਕ ਯੁੱਗ ਹੈ। ਇਸ ਯੁੱਗ ਨੂੰ ਅਸੀਂ ਵਿਗਿਆਨ ਦੇ ਯੁੱਗ ਦਾ ਨਾਂ ਦਿੱਤਾ ਹੈ। ਇਸ ਵਿਗਿਆਨਿਕ ਯੁੱਗ 'ਚ ਮਨੁੱਖ ਮਸ਼ੀਨ ਬਣ ਗਿਆ ਹੈ, ਜਿਸ ਕਾਰਨ ਉਸ ਅੰਦਰਲੀ ਦਇਆ ਦੀ ਭਾਵਨਾ ਖਤਮ ਹੋ ਗਈ ਹੈ। ਇਸ ਭਾਵਨਾ ਦੇ ਖਤਮ ਹੋਣ ਨਾਲ ਸਾਂਝੇ ਪਰਿਵਾਰ ਟੁੱਟਦੇ ਗਏ ਤੇ ਸਿੰਗਲ ਪਰਿਵਾਰ ਹੋਂਦ 'ਚ ਆਏ। ਅਸੀਂ ਸਿਰਫ ਇਸ ਗੱਲ ਨੂੰ ਮਹਿਸੂਸ ਕਰਦੇ ਹਾਂ ਕਿ ਬੱਚਿਆਂ ਨੂੰ ਪਾਲਣਾ ਮਾਂ-ਪਿਓ ਦਾ ਫਰਜ਼ ਹੁੰਦਾ ਹੈ ਪਰ ਮਾਂ-ਪਿਓ ਪ੍ਰਤੀ ਬੱਚਿਆਂ ਦੀ ਜੋ ਜ਼ਿੰਮੇਵਾਰੀ ਹੈ, ਉਸ ਨੂੰ ਅਸੀਂ ਸਮਝਦੇ ਨਹੀਂ।

ਮਾਂ-ਪਿਓ ਸਾਡੇ ਲਈ ਇਕ ਮਾਲੀ ਵਾਂਗ ਹਨ ਅਤੇ ਅਸੀਂ ਉਨ੍ਹਾਂ ਦਾ ਬਗੀਚਾ ਹਾਂ। ਮਾਲੀ ਆਪਣੇ ਹੱਥਾਂ ਨਾਲ ਇਕ ਪੌਦਾ ਲਾ ਕੇ ਉਸ ਦਾ ਪੂਰਾ ਖਿਆਲ ਰੱਖਦਾ ਹੈ ਤੇ ਉਸ ਨੂੰ ਇਕ ਫਲਦਾਇਕ ਤੇ ਉਪਯੋਗੀ ਰੁੱਖ ਬਣਾਉਣ 'ਚ ਲੱਗਾ ਰਹਿੰਦਾ ਹੈ। ਇਸ ਪਿੱਛੇ ਉਸ ਦੀ ਸੋਚ ਹੁੰਦੀ ਹੈ ਕਿ ਇਕ ਦਿਨ ਇਹ ਰੁੱਖ ਵੱਡਾ ਹੋਵੇਗਾ, ਜਿਸ ਦੀ ਛਾਂ ਹੇਠ ਉਹ ਸਕੂਨ ਨਾਲ ਆਪਣਾ ਬੁਢਾਪਾ ਬਿਤਾ ਸਕੇਗਾ।

ਕੀ ਤੁਸੀਂ ਜਾਣਦੇ ਹੋ ਕਿ ਉਹ ਮਾਲੀ ਅਤੇ ਰੁੱਖ ਕੌਣ ਹਨ? ਸਾਡੇ ਮਾਂ-ਪਿਓ ਤੇ ਅਸੀਂ। ਪਰਿਵਾਰ 'ਚ ਵੱਡੇ ਬਜ਼ੁਰਗਾਂ ਦੀ ਮੌਜੂਦਗੀ ਸਾਰੇ ਮੈਂਬਰਾਂ ਨੂੰ ਸੰਸਕਾਰੀ ਬਣਾਉਂਦੀ ਹੈ। ਇਸ ਵਿਸ਼ੇ 'ਚ ਹੇਠ ਲਿਖਿਆ ਸ਼ੇਅਰ ਬਿਲਕੁਲ ਢੁੱਕਵਾਂ ਹੈ–

*'ਪੇੜ ਬੂੜ੍ਹਾ ਹੀ ਸਹੀ, ਆਂਗਨ ਮੇਂ ਰਹਿਨੇ ਦੋ,*
*ਫਲ ਨਾ ਸਹੀ, ਛਾਂਵ ਤੋ ਅਵਸ਼ਯ ਦੇਗਾ।'*

ਇਸੇ ਤਰ੍ਹਾਂ ਮਾਂ-ਪਿਓ ਬੁੱਢੇ ਹੀ ਸਹੀ, ਉਨ੍ਹਾਂ ਨੂੰ ਘਰ 'ਚ ਰਹਿਣ ਦਿਓ। ਉਹ ਧਨ-ਦੌਲਤ ਤਾਂ ਨਹੀਂ ਦੇ ਸਕਦੇ ਪਰ ਤੁਹਾਡੇ ਬੱਚਿਆਂ ਨੂੰ ਚੰਗੇ ਸੰਸਕਾਰ ਜ਼ਰੂਰ ਦੇ ਸਕਦੇ ਹਨ। ਭਗਵਾਨ ਗਣੇਸ਼ ਜੀ ਵੀ ਮਾਂ-ਪਿਓ ਦੀ ਪਰਿਕਰਮਾ ਕਰ ਕੇ ਹੀ ਮਹਾਨ ਬਣੇ ਤੇ ਸ਼ੁਭ ਕੰਮ 'ਚ ਉਨ੍ਹਾਂ ਦੀ ਪੂਜਾ ਸਭ ਤੋਂ ਪਹਿਲਾਂ ਹੁੰਦੀ ਹੈ। ਸ਼੍ਰਵਣ ਕੁਮਾਰ ਨੇ ਆਪਣੇ ਮਾਂ-ਪਿਓ ਦੀ ਸੇਵਾ 'ਚ ਆਪਣੇ ਕਸ਼ਟਾਂ ਦੀ ਜ਼ਰਾ ਵੀ ਪਰਵਾਹ ਨਹੀਂ ਕੀਤੀ ਤੇ ਆਖਿਰ 'ਚ ਸੇਵਾ ਕਰਦਿਆਂ ਪ੍ਰਾਣ ਤਿਆਗ ਦਿੱਤੇ। ਦੇਵਵ੍ਰਤ ਭੀਸ਼ਮ ਨੇ ਵੀ ਪਿਤਾ ਦੀ ਖੁਸ਼ੀ ਲਈ ਉਮਰ ਭਰ ਬ੍ਰਹਮਚਾਰੀ ਰਹਿਣ ਦਾ ਫੈਸਲਾ ਕੀਤਾ।

ਅੱਜ ਅਸੀਂ ਆਧੁਨਿਕਤਾ ਦੇ ਯੁੱਗ 'ਚ ਜੀਅ ਰਹੇ ਹਾਂ ਪਰ ਇਸ ਦਾ ਸਹੀ ਅਰਥ ਨਹੀਂ ਸਮਝ ਸਕੇ। ਅਸੀਂ ਸਿਰਫ ਆਧੁਨਿਕਤਾ 'ਚ 'ਯੂਜ਼ ਐਂਡ ਥ੍ਰੋ' (ਵਰਤੋ ਤੇ ਸੁੱਟ ਦਿਓ) ਵਾਲਾ ਸਿਧਾਂਤ ਅਪਣਾ ਰਹੇ ਹਾਂ। ਅੱਜ ਬਿਰਧ ਆਸ਼ਰਮ ਬਜ਼ੁਰਗਾਂ ਨਾਲ ਭਰੇ ਪਏ ਹਨ। ਉਨ੍ਹਾਂ ਦੀਆਂ ਤਰਸਦੀਆਂ ਨਜ਼ਰਾਂ ਉਡੀਕ ਕਰ ਰਹੀਆਂ ਹਨ ਕਿ ਸ਼ਾਇਦ ਕੋਈ ਆਪਣਾ ਉਨ੍ਹਾਂ ਨੂੰ ਮਿਲਣ ਆ ਜਾਵੇ। ਉਨ੍ਹਾਂ ਨੂੰ ਪੈਸਾ ਨਹੀਂ ਚਾਹੀਦਾ, ਉਹ ਤਾਂ ਸਿਰਫ ਪਿਆਰ, ਹਮਦਰਦੀ ਅਤੇ ਅਪਣੱਤ ਦੇ ਭੁੱਖੇ ਹਨ ਪਰ ਹਜ਼ਾਰਾਂ 'ਚੋਂ ਸ਼ਾਇਦ ਹੀ ਕੋਈ ਅਜਿਹਾ ਬਜ਼ੁਰਗ ਹੁੰਦਾ ਹੈ, ਜੋ ਅਣਜਾਣ ਤੇ ਬੇਨਾਮ ਮੌਤ ਦੀ ਗੋਦ 'ਚ ਨਾ ਜਾਵੇ।

ਇਕ ਸਰਵੇਖਣ ਮੁਤਾਬਿਕ ਲੱਗਭਗ 25 ਫੀਸਦੀ ਬਜ਼ੁਰਗ ਇਕਲਾਪੇ ਦੀ ਸਮੱਸਿਆ ਦਾ ਸ਼ਿਕਾਰ ਹਨ। ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ, ਇਸੇ ਕਾਰਨ ਉਹ ਇਸ ਗੱਲ ਦੀ ਸ਼ਿਕਾਇਤ ਵੀ ਨਹੀਂ ਕਰਦੇ। ਇਸ ਵਿਸ਼ੇ 'ਚ ਇਹ ਗੱਲ ਵੀ ਸਪੱਸ਼ਟ ਤੌਰ 'ਤੇ ਮੰਨੀ ਜਾ ਸਕਦੀ ਹੈ ਕਿ ਬਜ਼ੁਰਗ ਵੀ ਖੁਦ ਨੂੰ ਲਾਚਾਰ, ਬੇਚਾਰਾ ਨਾ ਸਮਝਣ। ਉਨ੍ਹਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ, ਹਾਂ-ਪੱਖੀ ਵਿਚਾਰਧਾਰਾ ਅਪਣਾਉਣੀ ਪਵੇਗੀ ਤੇ ਇਸ ਸਬੰਧ 'ਚ ਸੁਧਾਰ ਲਿਆਉਣ ਲਈ ਅੱਗੇ ਆਉਣਾ ਪਵੇਗਾ।

ਬਜ਼ੁਰਗਾਂ ਨੂੰ ਸਮਾਜ 'ਚ ਸਹੀ ਜਗ੍ਹਾ ਦਿਵਾਉਣ, ਉਨ੍ਹਾਂ ਨਾਲ ਹੋ ਰਹੇ ਧੱਕੇ ਨੂੰ ਰੋਕਣ ਅਤੇ ਜਾਗਰੂਕਤਾ ਫੈਲਾਉਣ ਲਈ ਸੰਯੁਕਤ ਰਾਸ਼ਟਰ ਨੇ 14 ਦਸੰਬਰ 1990 ਨੂੰ ਇਹ ਫੈਸਲਾ ਲਿਆ ਸੀ ਕਿ ਹਰ ਸਾਲ 1 ਅਕਤੂਬਰ ਨੂੰ 'ਕੌਮਾਂਤਰੀ ਬਜ਼ੁਰਗ ਦਿਵਸ' ਵਜੋਂ ਮਨਾਇਆ ਜਾਵੇ ਤੇ 1 ਅਕਤੂਬਰ 1991 ਨੂੰ ਪਹਿਲੀ ਵਾਰ 'ਕੌਮਾਂਤਰੀ ਬਜ਼ੁਰਗ ਦਿਵਸ' ਮਨਾਇਆ ਗਿਆ।

ਬੇਸ਼ੱਕ ਬਜ਼ੁਰਗਾਂ ਦੀ ਰੱਖਿਆ ਤੇ ਸਿਹਤ ਦੀ ਸੁਰੱਖਿਆ ਲਈ ਕਾਨੂੰਨ ਬਣਾਏ ਗਏ, ਫਿਰ ਵੀ ਬਜ਼ੁਰਗ ਅੱਜ ਅਣਗੌਲੇ ਹੋਏ ਹਨ ਤੇ ਇਸ ਸਭ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਨੌਜਵਾਨ ਪੀੜ੍ਹੀ ਨੂੰ ਜਾਗਰੂਕ ਹੋਣਾ ਪਵੇਗਾ, ਤਾਂ ਕਿ ਬਜ਼ੁਰਗਾਂ ਨੂੰ ਆਪਣਾ ਅਧਿਕਾਰ ਮਿਲ ਸਕੇ। ਆਚਾਰੀਆ ਚਾਣੱਕਿਆ ਦਾ ਕਹਿਣਾ ਹੈ ਕਿ ਜੋ ਬਜ਼ੁਰਗਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਸਾਰੇ ਦੁੱਖ ਖਤਮ ਹੋ ਜਾਂਦੇ ਹਨ। ਇਸ ਲਈ ਮਾਂ-ਪਿਓ ਦਾ ਸਤਿਕਾਰ ਕਰੋ ਕਿਉਂਕਿ ਜੇ ਮਾਂ ਦੇ ਪੈਰਾਂ ਹੇਠ ਜੰਨਤ ਹੈ, ਤਾਂ ਪਿਤਾ ਉਸ ਜੰਨਤ ਦਾ ਦਰਵਾਜ਼ਾ ਹੈ।

(davsamana@gmail.com)



ਜਗ ਬਾਣੀ Wed, 12 September 2018
jagbani.epapr.in/c/32120894

# बिलखता बचपन, टूटते परिवार व सिसकता बुढ़ापा

मां संसार का सबसे सुंदर व प्यारा शब्द है। प्राचीन समय में जहां पिता को प्रजापति की मूर्ति माना जाता था, वहीं माता को पृथ्वी की मूर्ति माना जाता था। इसका वर्णन हमें मनुस्मृति में भी मिलता है। उस समय जो अपने माता-पिता की सेवा करता था, वह ब्रह्मलोक को प्राप्त होता था। माता-पिता की सेवा को ही श्रेष्ठ धर्म माना जाता था।

''माता-पिता को ईश्वर से भी बढ़कर इसलिए माना गया है क्योंकि ईश्वर हमारे भाग्य में सुख और दुख दोनों ही लिखते हैं जबकि माता-पिता केवल सुख ही सुख लिखते हैं।'' कितना सार्थक लिखा है इन शब्दों में, कितनी मौलिकता है इन शब्दों में लेकिन विडम्बना यह है कि हम सब कुछ जानते हैं, समझते हैं पर फिर भी सच्चाई से मुंह मोड़ रहे हैं। क्या हमने इसके पीछे के कारणों को जानने की चेष्टा की है? नहीं, किसी ने नहीं की।

इसका कारण आज का आधुनिक युग है। इस आधुनिक युग को हमने विज्ञान के युग की संज्ञा दी है। इस वैज्ञानिक युग में मानव मशीन बन गया है। मशीन बनने से उसके अंदर की करुणा की भावना समाप्त हो गई है। इसी भावना के समाप्त होने पर एकल परिवार अस्तित्व में आए। हम केवल इस बात को महसूस करते हैं कि ये सब करना उनका कर्त्तव्य था लेकिन मां-बाप के प्रति हमारी यह धारणा क्या सही है, शायद नहीं।

मां-बाप हमारे लिए एक माली के समान हैं तथा हम उनकी बगिया हैं। माली अपने हाथों से एक पौधा लगाता है तथा उस पौधे का पूरा ध्यान रख कर इसे एक फलदायी व उपयोगी वृक्ष बनाने में जुटा रहता है, यह सोच कर कि एक दिन यह वृक्ष बड़ा होगा जिसकी छांव में वह (माली) सुकून से अपने बुढ़ापे को व्यतीत करेगा। क्या आप जानते हैं कि वह माली और वृक्ष कौन हैं? हमारे मां-बाप। परिवार में बड़े बुजुर्गों की उपस्थिति सभी सदस्यों को मर्यादित व संस्कारी बनाती है।



डा. मोहन लाल शर्मा

इस विषय में यदि यह कथन कहा जाए तो कोई अतिशयोक्ति नहीं होगी :

''पेड़ बूढ़ा ही सही, आंगन में रहने दो,
फल न सही, छांव तो अवश्य देगा।''

उसी प्रकार माता-पिता बूढ़े ही सही लेकिन उन्हें घर में ही रहने दो। वे दौलत तो नहीं दे सकते लेकिन आपके बच्चों को अच्छे संस्कार अवश्य दे सकते हैं।

भगवान गणेश जी भी माता-पिता की परिक्रमा करके ही प्रथम पूज्य हो गए। श्रवण कुमार ने भी माता-पिता की सेवा में ही अपने कष्टों की जरा भी परवाह नहीं की और अंत में सेवा करते हुए प्राण त्याग दिए। देवव्रत भीष्म ने भी पिता की ख़ुशी के लिए आजीवन ब्रह्मचर्य व्रत का पालन किया और विश्व प्रसिद्ध हो गए।



आज हम आधुनिकता का सही अर्थ ग्रहण नहीं कर सके। हम केवल आधुनिकता में ''यूज एंड थ्रो'' के सिद्धांत को अपना रहे हैं। ऐसे व्यक्तियों को रिश्ते घर में प्रयोग होने वाली वस्तु लगने लगे हैं। आज वृद्धाश्रम बुजुर्गों से भरे पड़े हैं, उनकी तरसती निगाहें किसी का इंतजार कर रही हैं कि शायद उनसे मिलने कोई अपना आ जाए। उन्हें पैसा नहीं चाहिए, केवल सहानुभूति चाहिए, अपनापन चाहिए लेकिन हजारों में शायद ही कोई विरला होता है जो अंजान व बेनाम मौत की गोद में न जाए।

एक सर्वेक्षण के अनुसार हमारे सामने आया है कि करीब 25 प्रतिशत बुजुर्ग इस समस्या से ग्रस्त हैं कि उनके बच्चों को किसी प्रकार की समस्या न हो, इसी कारण वे इस बात की शिकायत भी नहीं करते। इस विषय में यह बात भी स्पष्ट रूप से मानी जा सकती है कि वृद्ध भी अपने-आप को असहाय, बेचारा न मानें, उन्हें अपनी सोच को बदलना होगा। उन्हें सकारात्मक विचारधारा अपनानी होगी तथा इस संबंध में सुधार लाने के लिए आगे आना होगा।

वृद्धों को समाज में सही स्थान दिलाने, उन पर हो रहे शोषण को रोकने व जागरूकता फैलाने के लिए संयुक्त राष्ट्र ने 14 दिसम्बर, 1990 को यह निर्णय लिया कि हर साल 1 अक्तूबर को अंतर्राष्ट्रीय वृद्ध दिवस के रूप में मनाया जाए जो 1991 में पहली बार मनाया गया। भले ही वृद्धों की रक्षा एवं स्वास्थ्य की सुरक्षा के लिए कानून एवं प्रावधान बनाए गए, फिर भी वृद्ध उपेक्षित हैं, इस सत्य को नकारा नहीं जा सकता। युवा पीढ़ी को जागरूक होना होगा ताकि वृद्ध नागरिकों को अपना अधिकार प्राप्त हो सके। आचार्य चाणक्य भी कहते हैं कि जो वृद्धों की सेवा करते हैं उनके सभी दुख समाप्त हो जाते हैं। मां-बाप का आदर करें क्योंकि अगर मां के पैरों तले जन्नत है तो बाप उस जन्नत का दरवाजा है।

davsamana@gmail.com